# ਨਮੂਨੇ ਦਾ ਪ੍ਰਸ਼ਨ-ਪੱਤਰ

ਸ਼੍ਰੇਣੀ — ਦਸਵੀਂ      ਲਿਖਤੀ = 65 ਅੰਕ

ਵਿਸ਼ਾ — ਪੰਜਾਬੀ      ਆਂਤਰਿਕ ਮੁਲਾਂਕਣ = 10 ਅੰਕ

ਕੁੱਲ = 75 ਅੰਕ

ਪੱਧਰ — ਬੀ

ਪ੍ਰਸ਼ਨ 1 ਸੁੰਦਰ ਲਿਖਾਈ ਲਈ 5 ਅੰਕ ਰਾਖਵੇਂ ਹਨ। = 05

ਪ੍ਰਸ਼ਨ 2 ਵਸਤੂਨਿਸ਼ਠ ਪ੍ਰਸ਼ਨ      30×1 = 30

ਹਰੇਕ ਪ੍ਰਸ਼ਨ 1 ਅੰਕ ਦਾ ਹੈ।

(ੳ) ਬਹੁਚੋਣਵੇਂ ਪ੍ਰਸ਼ਨ:

(i) ਕਿਹੜੀ ਚੀਜ਼ ਨੂੰ ਭਾਸ਼ਾ ਦਾ ਪਹਿਰਾਵਾ ਕਿਹਾ ਜਾਂਦਾ ਹੈ?

(ੳ) ਵਰਨ-ਮਾਲਾ    (ਅ) ਲਿਪੀ

(ੲ) ਸ਼ਬਦ    (ਸ) ਲਗਾਂ-ਮਾਤਰਾਂ    1

(ii) ਅਨਯ ਪੁਰਖ ਚੁਣੋ:

(ੳ) ਮੈਂ/ ਅਸੀਂ    (ਅ) ਤੂੰ/ ਤੇਰਾ

(ੲ) ਉਹ/ ਉਹਨਾਂ    (ਸ) ਸਾਡਾ    1

(iii) 'ਕੱਖ ਭੰਨ ਕੇ ਦੂਹਰਾ ਨਾ ਕਰਨਾ' ਮੁਹਾਵਰੇ ਦਾ ਅਰਥ ਹੈ:

(ੳ) ਬਹੁਤ ਕੰਮ ਕਰਨਾ    (ਅ) ਕੰਮ ਦੀ ਜਾਣਕਾਰੀ ਨਾ ਹੋਣਾ

(ੲ) ਬਿਲਕੁਲ ਕੰਮ ਨਾ ਕਰਨਾ (ਸ) ਕੰਮ ਵਿੱਚ ਰੁੱਝੇ ਰਹਿਣਾ    1

(iv) ਸਾਡੇ ਸੰਵਿਧਾਨ ਅਨੁਸਾਰ ਭਾਰਤ ਵਿੱਚ ਪ੍ਰਵਾਨਿਤ ਭਾਸ਼ਾਵਾਂ ਕਿੰਨੀਆਂ ਹਨ?

(ੳ) 18    (ਅ) 20

(ੲ) 22    (ਸ) 24    1

(v) ਪੜਨਾਂਵ ਕਿੰਨੀ ਪ੍ਰਕਾਰ ਦੇ ਹੁੰਦੇ ਹਨ?

(ੳ) 5    (ਅ) 6

(ੲ) 4    (ਸ) 7    1

5×1 = 5

(ਅ) ਖ਼ਾਲੀ ਥਾਂਵਾਂ ਭਰੋ:

(i) ਮੁਹਾਵਰਾ ਪੂਰਾ ਕਰੋ।

ਉੱਚਾ ______ ਨਾ ਕੱਢਣਾ।    1

(ii) ਮੁਹਾਵਰਾ ਪੂਰਾ ਕਰੋ।
ਚੜ੍ਹਦੀ ਕਲਾ ________ । 1

(iii) ਪੰਜਾਬੀ ਭਾਸ਼ਾ ਨੂੰ ਲਿਖਣ ਲਈ ______ ਲਿਪੀ ਢੁਕਵੀਂ ਹੈ। 1

(iv) ਕਿਰਿਆ-ਸ਼ਬਦਾਂ ਦੀ ਵੰਡ ______ ਤਰ੍ਹਾਂ ਕੀਤੀ ਜਾ ਸਕਦੀ ਹੈ। 1

(v) ਯੋਜਕਾਂ ਦੀ ਵੰਡ ਕਾਰਜ ਅਤੇ ______ ਦੇ ਰੂਪ ਵਿੱਚ ਕੀਤੀ ਜਾਂਦੀ ਹੈ। 1

5 × 1 = 5

(ੲ) ਹੇਠ ਲਿਖਿਆਂ ਦਾ ਆਪਸ ਵਿੱਚ ਸਹੀ ਮਿਲਾਣ ਕਰਕੇ ਦੁਬਾਰਾ ਲਿਖੋ:

| | | | |
|---|---|---|---|
| (i) ਵਚਨ | — | 5 ਪ੍ਰਕਾਰ ਦੇ ਹੁੰਦੇ ਹਨ। | 1 |
| (ii) ਨਾਂਵ | — | 2 ਪ੍ਰਕਾਰ ਦੇ ਹੁੰਦੇ ਹਨ। | 1 |
| (iii) ਅਰਥ ਦੇ ਪੱਖ ਤੋਂ ਪੜਨਾਂਵ | — | 8 ਪ੍ਰਕਾਰ ਦੇ ਹੁੰਦੇ ਹਨ। | 1 |
| (iv) ਕਿਰਿਆ-ਵਿਸ਼ੇਸ਼ਣ | — | 5 ਪ੍ਰਕਾਰ ਦੇ ਹੁੰਦੇ ਹਨ। | 1 |
| (v) ਵਿਸ਼ੇਸ਼ਣ | — | 6 ਪ੍ਰਕਾਰ ਦੇ ਹੁੰਦੇ ਹਨ। | 1 |

5 × 1 = 5

(ਸ) ਹੇਠ ਲਿਖਿਆਂ ਵਿੱਚੋਂ ਸਹੀ ਅਤੇ ਗ਼ਲਤ ਦੀ ਪਛਾਣ ਕਰੋ:

(i) ਪੰਜਾਬੀ ਭਾਸ਼ਾ ਦੀਆਂ ਧੁਨੀਆਂ ਨੂੰ ਮੁੱਖ ਰੂਪ ਵਿੱਚ ਦੋ ਵਰਗਾਂ ਵਿੱਚ ਵੰਡਿਆ ਜਾ ਸਕਦਾ ਹੈ। 1

(ii) ਸੰਬੰਧਵਾਚਕ ਪੜਨਾਂਵ, ਪੜਨਾਂਵ ਦੀ ਕਿਸਮ ਨਹੀਂ ਹੈ। 1

(iii) ਤੂੰ ਕਿਤਾਬ ਪੜ੍ਹ। ਸੰਜੁਗਤ ਕਿਰਿਆ ਹੈ। 1

(iv) 'ਅਖ਼ਬਾਰ' ਸ਼ਬਦ ਨੂੰ ਕੁਝ ਲੋਕ ਪੁਲਿੰਗ ਸ਼੍ਰੇਣੀ ਵਿੱਚ ਰੱਖਦੇ ਹਨ ਤੇ ਕੁਝ ਇਸਤਰੀ ਲਿੰਗ ਸ਼੍ਰੇਣੀ ਵਿੱਚ। 1

(v) 'ਵਰਤੋਂ' ਅਤੇ 'ਲਾਭ' ਸ਼ਬਦ 'ਉਪਯੋਗ' ਦੇ ਸਮਾਨਾਰਥਕ ਸ਼ਬਦ ਹਨ। 1

5 × 1 = 5

(ਹ) ਅਧੂਰੇ ਵਾਕ ਪੂਰੇ ਕਰੋ:

(i) ਕਿਸੇ ਵਿਅਕਤੀ, ਜੀਵ, ਥਾਂ, ਵਸਤੂ ਆਦਿ ਲਈ ਵਰਤੇ ਜਾਣ ਵਾਲੇ ਸ਼ਬਦਾਂ ਨੂੰ ______ ਕਹਿੰਦੇ ਹਨ। 1

(ii) ਗੁਣਵਾਚਕ ਅਤੇ ਨਿਸ਼ਚੇਵਾਚਕ ______ ਦੀਆਂ ਕਿਸਮਾਂ ਹਨ। 1

(iii) ਕਿਰਿਆ ਦੀ ਵਿਸ਼ੇਸ਼ਤਾ ਦੱਸਣ ਵਾਲੇ ਸ਼ਬਦਾਂ ਨੂੰ ______ ਕਹਿੰਦੇ ਹਨ। 1

(iv) ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਵਿੱਚ ਬੋਲੀ ਜਾਣ ਵਾਲੀ ਉਪਭਾਸ਼ਾ ਦਾ ਨਾਂ ______ ਹੈ। 1

(v) ਮਨ ਦੀ ਇੱਛਾ ਪ੍ਰਗਟ ਕਰਨ ਲਈ ______ ਸ਼ਬਦ ਵਰਤਿਆ ਜਾਂਦਾ ਹੈ। 1

5×1 = 5

(ਕ) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ-ਦੋ ਸ਼ਬਦਾਂ ਵਿੱਚ ਦਿਓ:

(i) 'ਤੂੰ ਕੌਣ ਹੈਂ' ਵਾਕ ਦੇ ਪਿੱਛੇ ਕਿਹੜਾ ਵਿਸਰਾਮ-ਚਿੰਨ੍ਹ ਵਰਤਿਆ ਜਾਵੇਗਾ? 1

(ii) ਵਿਆਕਰਨ ਅਧੀਨ ਸ਼ਬਦਾਂ ਦੀ ਵਿਆਖਿਆ ਕਰਨ ਵਾਲੇ ਭਾਗ ਨੂੰ ਕੀ ਕਹਿੰਦੇ ਹਨ? 1

(iii) ਪੰਜਾਬ ਦੀ ਰਾਜ-ਭਾਸ਼ਾ ਕਿਹੜੀ ਹੈ? 1

(iv) 'ਇਹ ਫੁੱਲ ਬਹੁਤ ਸੋਹਣਾ ਹੈ।' ਵਾਕ ਵਿੱਚ ਕਿਹੜੇ ਵਿਸ਼ੇਸ਼ਣ ਦੀ ਵਰਤੋਂ ਹੋਈ ਹੈ? 1

(v) 'ਮੁਟਿਆਰ' ਸ਼ਬਦ ਦਾ ਪੁਲਿੰਗ ਲਿਖੋ। 1

5 × 1 = 5

ਪ੍ਰਸ਼ਨ 3 ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ **ਇੱਕ** ਵਿਸ਼ੇ ਉੱਤੇ ਲਗ-ਪਗ 200 ਸ਼ਬਦਾਂ ਦਾ ਲੇਖ ਲਿਖੋ:

(ੳ) ਡਾ. ਭੀਮ ਰਾਓ ਅੰਬੇਦਕਰ

(ਅ) ਪੰਜਾਬ ਦੇ ਮੇਲੇ

(ੲ) ਭਰੂਣ ਹੱਤਿਆ

(ਸ) ਨਸ਼ਾ ਨਾਸ ਕਰਦਾ ਹੈ

(ਹ) ਪਹਾੜ ਦੀ ਸੈਰ

1×7 = 7

ਪ੍ਰਸ਼ਨ 4 ਇੱਕ ਪੱਤਰ ਰਾਹੀਂ ਆਪਣੇ ਮਿੱਤਰ/ਸਹੇਲੀ ਨੂੰ ਆਪਣੇ ਸਕੂਲ ਵਿੱਚ ਹੋਏ ਸਲਾਨਾ ਸਮਾਗਮ ਦਾ ਹਾਲ ਲਿਖੋ। 5

ਜਾਂ

ਤੁਹਾਨੂੰ ਕੋਈ ਰਿਸਾਲਾ ਚੰਗਾ ਲੱਗਾ ਹੈ। ਇਸ ਰਿਸਾਲੇ ਦੀਆਂ ਸਿਫ਼ਤਾਂ ਦੱਸਦਿਆਂ ਉਸ ਦੇ ਸੰਪਾਦਕ ਨੂੰ ਚਿੱਠੀ ਲਿਖੋ ਕਿ ਤੁਸੀਂ ਉਸ ਰਿਸਾਲੇ ਦਾ ਚੰਦਾ ਭੇਜ ਦਿੱਤਾ ਹੈ ਅਤੇ ਰਿਸਾਲਾ ਘਰ ਦੇ ਪਤੇ ਉੱਤੇ ਭੇਜਣਾ ਸ਼ੁਰੂ ਕਰ ਦਿੱਤਾ ਜਾਵੇ। 5

1 × 5 = 5

ਪ੍ਰਸ਼ਨ 5 ਹੇਠ ਲਿਖੇ ਪੈਰੇ ਦੀ ਸੰਖੇਪ ਰਚਨਾ ਲਗ-ਪਗ ਇੱਕ-ਤਿਹਾਈ ਸ਼ਬਦਾਂ ਵਿੱਚ ਲਿਖੋ ਅਤੇ ਢੁਕਵਾਂ ਸਿਰਲੇਖ ਵੀ ਦਿਓ:

ਕਿਸੇ ਵਿਅਕਤੀ ਨੂੰ ਉਸ ਦੀ ਗ਼ਲਤੀ ਦਾ ਅਹਿਸਾਸ ਵੀ ਉਹ ਹੀ ਕਰਵਾ ਸਕਦਾ ਹੈ ਜਿਸ ਨੂੰ ਉਸ ਦੇ ਵਿਗੜਨ ਦਾ ਦੁੱਖ ਹੈ ਅਤੇ ਉਹ ਵਿਗੜੇ ਨੂੰ ਸੁਧਾਰਨ ਦੀ ਲੋੜ ਸਮਝਦਾ ਹੈ। ਜਿਹੜਾ ਉਸ ਦੀ ਤਰੱਕੀ ਦਾ ਚਾਹਵਾਨ ਹੈ, ਉਸ ਦਾ ਭਲਾ ਸੋਚਦਾ ਹੈ। ਉਹ ਉਸ ਨੂੰ ਠੁੰਮ੍ਹਣਾ ਦੇਵੇ ਕਿ ਅਜੇ ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ, ਉਸ ਲਈ ਘਰ ਦੇ ਬੂਹੇ ਬੰਦ ਨਹੀਂ- ਭੁੱਲਾ ਉਹ ਨਾ ਜਾਣੀਏ ਜੋ ਮੁੜ ਘਰ ਆਵੇ। ਉਹ ਥੋੜ੍ਹਾ ਜਿਹਾ ਹੁੰਗਾਰਾ ਭਰੇ ਤਾਂ ਉਸ ਦੀ ਬਾਂਹ ਫੜ ਲਈ ਜਾਵੇ। ਉਸ ਨੂੰ ਅਹਿਸਾਸ ਕਰਾਇਆ ਜਾਏ ਕਿ ਉਹ ਬਹੁਤ ਕੁਝ ਕਰ ਸਕਦਾ ਹੈ। ਕਿਸੇ ਗ਼ਲਤੀ 'ਤੇ ਇਹ ਅਹਿਸਾਸ ਨਾ ਕਰਾਇਆ ਜਾਏ ਕਿ ਉਸ ਨੇ ਤਾਂ ਨੱਕ ਵਢਾ ਦਿੱਤਾ ਹੈ, ਕੋਈ ਕਿਸੇ ਨੂੰ ਮੂੰਹ ਵਿਖਾਉਣ ਜੋਗਾ ਹੀ ਨਹੀਂ ਰਿਹਾ ਸਗੋਂ ਗ਼ਲਤੀ ਸੁਧਾਰਨ ਦੇ ਮੌਕੇ 'ਤੇ ਸਾਧਨ ਦਿੱਤੇ ਜਾਣ, ਰਾਹ ਦਿੱਤਾ ਜਾਵੇ ਅੱਗੇ ਵਧਣ ਦਾ ਕਿਉਂਕਿ ਨਾ ਕੋਈ ਦੇਵਤਾ ਜੰਮਦਾ ਹੈ ਤੇ ਨਾ ਦੈਂਤ। ਬੱਸ ਸੁਧਾਰ ਲਈ ਉੱਦਮ ਕਰਨ ਦੀ ਲੋੜ ਹੁੰਦੀ ਹੈ।

3 + 1 = 4

ਪ੍ਰਸ਼ਨ 6 ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਅੰਤ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ:

ਘਰ- ਪਰਿਵਾਰ ਤੋਂ ਇਲਾਵਾ ਸਮਾਜ ਵਿੱਚ ਵਿਚਰਦਿਆਂ ਸਾਡੇ ਕੋਲ਼ੋਂ ਅਨੇਕਾਂ ਗ਼ਲਤੀਆਂ ਹੋ ਜਾਂਦੀਆਂ ਹਨ। ਕਈ ਵਾਰ ਛੋਟੀਆਂ -ਛੋਟੀਆਂ ਤਕਰਾਰਾਂ ਵੀ ਹੋ ਜਾਂਦੀਆਂ ਹਨ। ਕੋਈ ਅਜਿਹੀ ਗੱਲ ਜਾਂ ਤਕਰਾਰ ਕਿਸੇ ਦਾ ਦਿਲ ਵੀ ਦੁਖਾ ਦਿੰਦੀ ਹੈ। ਅਜਿਹੀ ਗੱਲ ਵਧ੍ਹਿਆਂ ਤੱਕ ਅਣਬਣ ਦਾ ਕਾਰਨ ਬਣਦੀ ਹੈ। ਮੰਨ ਲਓ ਜੇਕਰ ਸਾਡੇ ਕੋਲ਼ੋਂ ਅਜਿਹਾ ਕੁਝ ਹੋ ਵੀ ਜਾਂਦਾ ਹੈ ਤਾਂ ਸਾਨੂੰ ਆਪਣੀ ਗ਼ਲਤੀ ਸ੍ਵੀਕਾਰ ਕਰ ਲੈਣ ਵਿੱਚ ਕਿਸੇ ਕਿਸਮ ਦੀ ਝਿਜਕ ਨਹੀਂ ਹੋਣੀ ਚਾਹੀਦੀ ਤੇ ਸਾਨੂੰ ਉਸ ਦੀ ਮਾਫ਼ੀ ਮੰਗ ਲੈਣੀ ਚਾਹੀਦੀ ਹੈ। ਗ਼ਲਤੀ ਨੂੰ ਮੰਨਣਾ ਸ਼ਿਸ਼ਟਾਚਾਰ ਦਾ ਇੱਕ ਹਿੱਸਾ ਹੈ। ਦੇਖਿਆ ਜਾਵੇ ਤਾਂ ਮਾਫ਼ੀ ਮੰਗਣ ਨਾਲ਼ ਸਾਡੀ ਅਣਖ ਨਹੀਂ ਘਟਦੀ ਸਗੋਂ ਸਾਡਾ ਵਿਅਕਤਿਤਵ ਉਜਾਗਰ ਹੁੰਦਾ ਹੈ ਅਤੇ ਕਈ ਵਾਰ ਆਉਣ ਵਾਲ਼ੀਆਂ ਮੁਸੀਬਤਾਂ ਤੋਂ ਬਚਾਅ ਵੀ ਹੋ ਸਕਦਾ ਹੈ। ਛੋਟੇ ਮਸਲੇ ਵੱਡੇ ਨਹੀਂ ਬਣਦੇ ਤੇ ਅਸੀਂ ਤਣਾਅ- ਮੁਕਤ ਰਹਿੰਦੇ ਹਾਂ।

ਪ੍ਰਸ਼ਨ:

(ੳ) ਸਮਾਜ ਵਿੱਚ ਵਿਚਰਦਿਆਂ ਕਈ ਵਾਰ ਸਾਡੇ ਕੋਲ਼ੋਂ ਕੀ ਹੋ ਜਾਂਦਾ ਹੈ? 1

(ਅ) ਸਾਨੂੰ ਕਿਸ ਕਿਸਮ ਦੀ ਝਿਜਕ ਨਹੀਂ ਹੋਣੀ ਚਾਹੀਦੀ? 1

(ੲ) ਕਈ ਵਾਰ ਅਸੀਂ ਗ਼ਲਤੀ ਮੰਨਣ ਤੋਂ ਇਨਕਾਰੀ ਕਿਉਂ ਹੋ ਜਾਂਦੇ ਹਾਂ? 1

(ਸ) ਗਲਤੀ ਦੀ ਮਾਫ਼ੀ ਮੰਗਣ ਨਾਲ਼ ਕੀ ਹੁੰਦਾ ਹੈ? 1

1 + 1 + 1 + 1 = 4

ਪ੍ਰਸ਼ਨ 7 ਹੇਠ ਲਿਖੇ ਮੁਹਾਵਰਿਆਂ ਵਿੱਚੋਂ ਕੇਵਲ ਤਿੰਨ ਨੂੰ ਵਾਕਾਂ ਵਿੱਚ ਇਸ ਤਰ੍ਹਾਂ ਵਰਤੋ ਕਿ ਅਰਥ ਸਪਸ਼ਟ ਹੋ ਜਾਣ :

(ੳ) ਕੱਪੜਿਆਂ ਤੋਂ ਬਾਹਰ ਹੋਣਾ 2

(ਅ) ਜਫ਼ਰ ਜਾਲਣਾ 2

(ੲ) ਠੋਕ-ਵਜਾ ਕੇ ਵੇਖਣਾ 2

(ਸ) ਦਿਨ-ਰਾਤ ਇੱਕ ਕਰਨਾ 2

(ਹ) ਮੁੱਠੀ ਗਰਮ ਕਰਨਾ 2

3×2=6

ਪ੍ਰਸ਼ਨ 8 ਵਿਸਰਾਮ-ਚਿੰਨ੍ਹ ਲਾ ਕੇ ਦੁਬਾਰਾ ਲਿਖੋ :

ਹਾਇ ਮੇਰੀਆਂ ਸਾਰੀਆਂ ਆਸਾਂ ਤੇ ਪਾਣੀ ਫਿਰ ਗਿਆ।

2

ਪ੍ਰਸ਼ਨ 9 ਹੇਠ ਲਿਖੇ ਵਾਕ ਨੂੰ ਵਚਨ ਤੇ ਲਿੰਗ ਬਦਲਣ ਉਪਰੰਤ ਦੋ ਵੱਖੋ-ਵੱਖਰੇ ਵਾਕਾਂ ਵਿੱਚ ਲਿਖੋ।

1 + 1 = 2